



# ਗਾਜ਼ਾ ਵਿਚ ਇਜ਼ਰਾਈਲ ਦਾ ਐਕਸ਼ਨ ਜਾਰੀ, ਹਮਾਸ ਦਾ ਫ਼ੌਜ ਮੁਖੀ ਢੇਰ

ਤੇਲ ਅਵੀਵ, 16 ਮਈ (ਇੰਟ.)- ਇਜ਼ਰਾਈਲੀ ਫ਼ੌਜ ਨੇ ਸ਼ਨੀਵਾਰ ਨੂੰ ਐਲਾਨ ਕੀਤਾ ਕਿ ਉਸ ਨੇ ਹਮਾਸ ਦੇ ਫੌਜ ਮੁਖੀ ਇਜ਼ੇਦੀਨ ਅਲ ਹੱਦਾਦ ਨੂੰ ਹਵਾਈ ਹਮਲੇ ਵਿਚ ਮਾਰ ਦਿੱਤਾ ਹੈ। ਇਜ਼ਰਾਈਲੀ ਡਿਫੈਂਸ ਫੋਰਸ ਵੱਲੋਂ ਦੱਸਿਆ ਗਿਆ ਕਿ ਹੱਦਾਦ ਉਨ੍ਹਾਂ ਹਮਾਸ ਕਮਾਂਡਰਾਂ ਵਿਚ ਸ਼ਾਮਲ ਸੀ, ਜਿਨ੍ਹਾਂ ਨੇ 7 ਅਕਤੂਬਰ ਦਾ ਪਲਾਨ ਬਣਾਇਆ ਸੀ। ਗਾਜ਼ਾ ਵਿਚ ਹਵਾਈ ਹਮਲੇ ਤੋਂ ਬਾਅਦ ਫੌਜ ਅਤੇ ਇਜ਼ਰਾਈਲ ਦੀ ਘਰੇਲੂ ਸੁਰੱਖਿਆ ਏਜੰਸੀ ਨੇ ਇਸ ਐਕਸ਼ਨ ਦੀ ਪੁਸ਼ਟੀ ਕੀਤੀ।

ਫੌਜ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਆਈ.ਡੀ.ਐੱਫ. ਅਤੇ ਆਈ.ਐੱਸ.ਏ. ਐਲਾਨ ਕਰਦੇ ਹਨ ਕਿ ਕੱਲ ਗਾਜ਼ਾ ਸ਼ਹਿਰ ਦੇ ਇਲਾਕੇ ਵਿਚ ਇਕ ਸਟੀਕ ਹਮਲੇ ਵਿਚ ਅੱਤਵਾਦੀ ਇਜ਼ੇਦੀਨ ਅਲ-ਹੱਦਾਦ ਨੂੰ ਮਾਰ ਗਿਰਾਇਆ ਗਿਆ।



ਹਮਾਸ ਦੇ ਫੌਜੀ ਕਮਾਂਡਰ ਦੇ ਜਨਾਜ਼ੇ 'ਚ ਸ਼ਾਮਲ ਲੋਕ।

ਇਜ਼ਰਾਈਲ ਵੱਲੋਂ ਆਏ ਇਸ ਬਿਆਨ ਤੋਂ ਬਾਅਦ ਹਮਾਸ ਦੇ ਅਧਿਕਾਰੀਆਂ ਨੇ ਵੀ ਇਸ ਦੀ ਪੁਸ਼ਟੀ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਹੱਦਾਦ ਸ਼ੁੱਕਰਵਾਰ ਨੂੰ ਇਕ ਰਿਹਾਇਸ਼ੀ ਅਪਾਰਟਮੈਂਟ ਵਿਚ ਮੌਜੂਦ ਸੀ, ਉਸੇ ਦੌਰਾਨ ਉੱਥੇ ਹੋਏ ਹਮਲੇ ਵਿਚ ਉਸ ਦੀ ਜਾਨ ਚਲੀ ਗਈ। ਹੱਦਾਦ ਦੀ ਮੌਤ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਸ ਦੇ ਜਨਾਜ਼ੇ 'ਚ ਸ਼ਾਮਲ ਹੋਏ, ਜਿਸ ਵਿਚ ਛੋਟੇ ਬੱਚੇ ਵੀ ਸ਼ਾਮਲ ਸਨ।

ਰਜਿਸਟਰੀ ਨੰ. ਡੀ.ਐੱਲ.- 33004/99 | REGD. NO. D. L.-33004/99

# ਭਾਰਤ ਦਾ ਗਜ਼ਟ
## The Gazette of India

ਸੀ. ਜੀ. ਡੀ. ਐੱਲ.-ਈ.-13052026-272526

CG-DL-E-13052026-272526

ਅਸਾਧਾਰਨ

EXTRAORDINARY

ਭਾਗ II- ਧਾਰਾ 3-ਉਪ-ਧਾਰਾ (ii)

PART II — Section 3 — Sub-section (ii)

ਅਧਿਕਾਰ ਨਾਲ ਪ੍ਰਕਾਸ਼ਿਤ

PUBLISHED BY AUTHORITY

ਨੰ. 2343] ਨਵੀਂ ਦਿੱਲੀ, ਮੰਗਲਵਾਰ, ਮਈ 12, 2026/ਵਿਸਾਖ 22, 1948

No. 2343] NEW DELHI, TUESDAY, MAY 12, 2026/VAISAKHA 22, 1948

## ਸੜਕ ਆਵਾਜਾਈ ਤੇ ਰਾਜਮਾਰਗ ਮੰਤਰਾਲਾ

ਨੋਟੀਫਿਕੇਸ਼ਨ

ਨਵੀਂ ਦਿੱਲੀ, 12 ਮਈ, 2026

**ਐੱਸ. ਓ.** 2435 (ਈ)—ਜਿਵੇਂ ਕਿ ਸੜਕ ਆਵਾਜਾਈ ਤੇ ਰਾਜਮਾਰਗ ਮੰਤਰਾਲਾ ਵਿਚ ਨੈਸ਼ਨਲ ਹਾਈਵੇ ਐਕਟ,1956 (1956 ਦਾ 48) (ਜਿਸ ਨੂੰ ਬਾਅਦ ਵਿਚ ਉਕਤ ਐਕਟ ਕਿਹਾ ਗਿਆ) ਦੀ ਧਾਰਾ 3ਏ ਦੀ ਉਪ-ਧਾਰਾ (1) ਤਹਿਤ ਜਾਰੀ ਭਾਰਤ ਸਰਕਾਰ ਦਾ ਨੋਟੀਫਿਕੇਸ਼ਨ **ਐੱਸ. ਓ. 4555 ਮਿਤੀ : 7 ਅਕਤੂਬਰ** 2025 ਗਜ਼ਟ ਆਫ ਇੰਡੀਆ, ਐਕਸਟ੍ਰਾਆਰਡੀਨਰੀ, ਭਾਗ-II, ਧਾਰਾ-3, ਉਪ-ਧਾਰਾ (ii) ਵਿਚ ਪ੍ਰਕਾਸ਼ਿਤ ਹੋਇਆ ਸੀ। ਕੇਂਦਰ ਸਰਕਾਰ ਨੇ ਦੱਸੇ ਨੋਟੀਫਿਕੇਸ਼ਨ ਨਾਲ ਜੁੜੇ ਸ਼ਡਿਊਲ ਵਿਚ ਦੱਸੀ ਜ਼ਮੀਨ ਨੂੰ ਐਕਵਾਇਰ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ। ਇਸ ਦੀ ਵਰਤੋਂ ਪੰਜਾਬ ਸੂਬੇ ਦੇ ਬਰਨਾਲਾ ਜ਼ਿਲੇ ਵਿਚ ਪਿੰਡ (†) ਗਹਿਲ (19), ਰਾਮਗੜ੍ਹ (16) ਤਾਲੁਕ-ਭਦੌੜ ਵਿਚ ਅਤੇ ਪਿੰਡ (†) ਮੂਮ (25) ਤਾਲੁਕ-ਮਹਿਲ ਕਲਾਂ ਵਿਚ ਕਿ. ਮੀ. 30.300 ਤੋਂ ਕਿ. ਮੀ. 75.543 ਤਕ ਦੀ ਜ਼ਮੀਨ ਦੇ ਵਿਸਤਾਰ 'ਚ ਐੱਨ. ਐੱਚ. 754 ਏ. ਡੀ. (ਲੁਧਿਆਣਾ ਬਠਿੰਡਾ ਗ੍ਰੀਨਫੀਲਡ ਸੈਕਸ਼ਨ, ਪੈਕੇਜ-2) ਦੇ ਨਿਰਮਾਣ (ਚੌੜਾ ਕਰਨਾ/ਫੋਰ ਲੇਨਿੰਗ ਆਦਿ), ਦੇਖ-ਰੇਖ, ਪ੍ਰਬੰਧਨ ਤੇ ਸੰਚਾਲਨ ਲਈ ਕੀਤੀ ਜਾਵੇਗੀ।

ਅਤੇ ਜਿਵੇਂ ਕਿ ਦੱਸੇ ਨੋਟੀਫਿਕੇਸ਼ਨ ਦਾ ਸਾਰ 'ਹਿੰਦੁਸਤਾਨ ਟਾਈਮਜ਼' ਮਿਤੀ 12.10.2025 ਅਤੇ 'ਜਗ ਬਾਣੀ' ਮਿਤੀ 12.10.2025 ਵਿਚ ਦੱਸੇ ਐਕਟ ਦੀ ਧਾਰਾ-3ਏ ਦੀ ਉੱਪ-ਧਾਰਾ (3) ਤਹਿਤ ਪ੍ਰਕਾਸ਼ਿਤ ਕੀਤਾ ਗਿਆ ਹੈ।

ਅਤੇ ਜਿਵੇਂ ਕਿ ਧਾਰਾ 3 ਸੀ. ਤਹਿਤ ਦਾਖਲ ਇਤਰਾਜ਼ ਸਮਰੱਥ ਅਥਾਰਟੀ ਵਲੋਂ ਇਤਰਾਜ਼ ਪ੍ਰਾਪਤ ਕੀਤੇ, ਧਿਆਨ ਵਿਚ ਰੱਖੇ ਅਤੇ ਉਨ੍ਹਾਂ ਨੂੰ ਸਹੀ ਢੰਗ ਨਾਲ ਸੈਟਲ ਕੀਤਾ ਗਿਆ ਹੈ।

ਅਤੇ ਜਿਵੇਂ ਕਿ ਦੱਸੇ ਐਕਟ ਦੀ ਧਾਰਾ-3ਡੀ ਦੀ ਉੱਪ-ਧਾਰਾ (1) ਦੀ ਪੈਰਵੀ 'ਚ ਸਮਰੱਥ ਅਥਾਰਟੀ ਨੇ ਕੇਂਦਰ ਸਰਕਾਰ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਹੈ।

ਇਸ ਲਈ ਹੁਣ ਸਮਰੱਥ ਅਥਾਰਟੀ ਦੀ ਰਿਪੋਰਟ ਪ੍ਰਾਪਤ ਹੋਣ ਅਤੇ ਦੱਸੇ ਐਕਟ ਦੀ ਧਾਰਾ-3ਡੀ ਦੀ ਉੱਪ-ਧਾਰਾ (1) ਤੋਂ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੇਂਦਰ ਸਰਕਾਰ ਇੱਥੇ ਐਲਾਨ ਕਰਦੀ ਹੈ ਕਿ ਦੱਸੇ ਸ਼ਡਿਊਲ ਵਿਚ ਦੱਸੀ ਜ਼ਮੀਨ ਉਪਰੋਕਤ ਮਨੋਰਥ ਲਈ ਐਕਵਾਇਰ ਕੀਤੀ ਜਾਣੀ ਚਾਹੀਦੀ ਹੈ।

ਅਤੇ ਅੱਗੇ ਦੱਸੇ ਐਕਟ ਦੀ ਧਾਰਾ-3ਡੀ ਦੀ ਉੱਪ-ਧਾਰਾ (2) ਦੀ ਪੈਰਵੀ 'ਚ ਕੇਂਦਰ ਸਰਕਾਰ ਐਲਾਨ ਕਰਦੀ ਹੈ ਕਿ ਅਧਿਕਾਰਤ ਗਜ਼ਟ ਵਿਚ ਇਸ ਨੋਟੀਫਿਕੇਸ਼ਨ ਦੇ ਪ੍ਰਕਾਸ਼ਿਤ ਹੋਣ 'ਤੇ ਦੱਸੇ ਸ਼ਡਿਊਲ ਵਿਚ ਦੱਸੀ ਜ਼ਮੀਨ ਸਾਰੇ ਭਾਰਾਂ ਤੋਂ ਰਹਿਤ ਹੋ ਕੇ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੇ ਹੱਥਾਂ ਵਿਚ ਰਹੇਗੀ।

### ਸ਼ਡਿਊਲ

**ਪੰਜਾਬ ਸੂਬੇ ਦੇ ਬਰਨਾਲਾ ਜ਼ਿਲੇ ਵਿਚ ਪਿੰਡ (†) ਗਹਿਲ (19), ਰਾਮਗੜ੍ਹ (16) ਤਾਲੁਕ-ਭਦੌੜ ਵਿਚ ਅਤੇ ਪਿੰਡ (†) ਮੂਮ (25) ਤਾਲੁਕ-ਮਹਿਲ ਕਲਾਂ ਵਿਚ ਐੱਨ. ਐੱਚ. 754 ਏ. ਡੀ. (ਲੁਧਿਆਣਾ ਬਠਿੰਡਾ ਗ੍ਰੀਨਫੀਲਡ ਸੈਕਸ਼ਨ, ਪੈਕੇਜ-2) ਦੇ ਕਿ. ਮੀ. 30.300 ਤੋਂ ਕਿ. ਮੀ. 75.543 ਤਕ ਦੀ ਜ਼ਮੀਨ ਦੇ ਵਿਸਤਾਰ 'ਚ ਪੈਂਦੀ ਢਾਂਚੇ ਵਾਲੀ ਜਾਂ ਢਾਂਚਾ-ਰਹਿਤ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਦਾ ਸੰਖੇਪ ਵੇਰਵਾ।**

**ਜ਼ਿਲਾ : ਬਰਨਾਲਾ**

https://egazette.gov.in

ਪ੍ਰਕਾਸ਼ਨ ਦੀ ਮਿਤੀ : 12.05.2026

https://egazette.gov.in

https://bhoomirashi.gov.in

ਫਾਈਲ ਨੰ. : 25221/ਐੱਨ. ਐੱਚ. ਏ. ਆਈ./ਪੀ. ਆਈ. ਯੂ./ਬੀ. ਟੀ. ਆਈ./ਬੀ. ਟੀ. ਆਈ.-ਐੱਲ. ਡੀ. ਐੱਚ./3ਡੀ.

ਸ਼ੇਖ ਅਮੀਨ ਖਾਨ, ਡਾਇਰੈਕਟਰ

ਨੋਟ : ਇਸ ਨੋਟੀਫਿਕੇਸ਼ਨ ਦੀ ਦਸਤੀ ਕਾਪੀ ਸੀ. ਏ. ਐੱਲ. ਏ./ਪੀ. ਆਈ. ਯੂ./ਪੀ. ਐੱਮ. ਯੂ./ਆਰ. ਓ./ਈ. ਡੀ. ਦੇ ਦਫਤਰ 'ਚ ਵੀ ਮੁਹੱਈਆ ਹੈ ਅਤੇ ਜ਼ਮੀਨ ਮਾਲਕ ਉੱਥੇ ਨੋਟੀਫਿਕੇਸ਼ਨ ਵੀ ਵੇਖ ਸਕਦੇ ਹਨ।

## ਪਬਲਿਕ ਨੋਟਿਸ (ਨੈਸ਼ਨਲ ਹਾਈਵੇ ਐਕਟ,1956 ਦੀ ਧਾਰਾ 3ਜੀ(3) ਤਹਿਤ

ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨੈਸ਼ਨਲ ਹਾਈਵੇ ਐਕਟ,1956 (1956 ਦਾ 48) ਦੀ ਧਾਰਾ-3ਡੀ ਦੀ ਉੱਪ-ਧਾਰਾ (1) ਤੋਂ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਅਤੇ ਅੱਗੇ ਦੱਸੇ ਐਕਟ ਦੀ ਧਾਰਾ-3ਡੀ ਦੀ ਉੱਪ-ਧਾਰਾ (2) ਦੀ ਪੈਰਵੀ 'ਚ ਕੇਂਦਰ ਸਰਕਾਰ ਨੇ ਐਲਾਨ ਕੀਤਾ ਸੀ ਕਿ ਗਜ਼ਟ ਆਫ ਇੰਡੀਆ ਐਕਸਟ੍ਰਾਆਰਡੀਨਰੀ ਭਾਗ-II, ਧਾਰਾ-3, ਉੱਪ-ਧਾਰਾ (ii) ਵਿਚ ਪ੍ਰਕਾਸ਼ਿਤ ਨੋਟੀਫਿਕੇਸ਼ਨ ਐੱਸ. ਓ. 2435 (ਈ) ਮਿਤੀ 12 ਮਈ, 2025 ਵਿਚ ਵਰਣਿਤ ਜ਼ਮੀਨ ਪੰਜਾਬ ਸੂਬੇ ਦੇ ਬਰਨਾਲਾ ਜ਼ਿਲੇ ਵਿਚ ਕਿ. ਮੀ. 30.300 ਤੋਂ ਕਿ. ਮੀ. 75.543 ਤਕ ਜ਼ਮੀਨ ਦੇ ਵਿਸਤਾਰ 'ਚ ਐੱਨ. ਐੱਚ.-754 ਏ. ਡੀ. ਦੇ ਨਿਰਮਾਣ (ਚੌੜਾ ਕਰਨਾ/ਫੋਰ ਲੇਨਿੰਗ ਆਦਿ), ਸਾਂਭ-ਸੰਭਾਲ, ਪ੍ਰਬੰਧਨ ਤੇ ਸੰਚਾਲਨ ਲਈ ਸਾਰੇ ਭਾਰਾਂ ਤੋਂ ਰਹਿਤ ਹੋ ਕੇ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੇ ਹੱਥਾਂ ਵਿਚ ਹੈ।

ਇਸ ਲਈ ਹੁਣ ਧਾਰਾ-3ਜੀ ਦੀ ਉੱਪ-ਧਾਰਾ (3) ਦੀ ਪੈਰਵੀ 'ਚ ਸਮਰੱਥ ਅਥਾਰਟੀ ਇੱਥੇ ਸਾਰੇ ਜ਼ਮੀਨ ਮਾਲਕਾਂ ਅਤੇ ਇਨ੍ਹਾਂ ਕਾਰਵਾਈਆਂ ਤਹਿਤ ਜ਼ਮੀਨ ਨੂੰ ਪ੍ਰਾਪਤ ਕਰਨ ਦੇ ਹਿਤਬੱਧ ਵਿਅਕਤੀਆਂ ਨੂੰ ਸੱਦਾ ਦਿੰਦੀ ਹੈ ਕਿ ਉਹ ਇਸ ਪਬਲਿਕ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੇ 15 ਦਿਨਾਂ ਦੇ ਸਮੇਂ ਅੰਦਰ 3ਡੀ ਵਿਚ ਵਰਣਿਤ ਜ਼ਮੀਨ ਸਬੰਧੀ ਆਪਣੇ ਦਾਅਵੇ ਸਮਰੱਥ ਅਥਾਰਟੀ ਦੇ ਦਫਤਰ 'ਚ ਪੇਸ਼ ਕਰਨ।

3ਡੀ ਸ਼ਡਿਊਲ ਵਿਚ ਵਰਣਿਤ ਜ਼ਮੀਨਾਂ ਲਈ ਹਿਤਬੱਧ ਸਾਰੇ ਵਿਅਕਤੀਆਂ (ਜ਼ਮੀਨਾਂ ਦੇ ਮਾਲਕ ਅਤੇ ਹੋਰ ਹਿਤਬੱਧ ਵਿਅਕਤੀ(ਆਂ)) ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਦੱਸੀ ਜ਼ਮੀਨ ਵਿਚ ਆਪਣੇ ਦਾਅਵੇ (ਉਨ੍ਹਾਂ ਦਾ ਹਿੱਸਾ, ਜ਼ਮੀਨ ਦਾ ਰਕਬਾ, ਉਸ ਨਾਲ ਜੁੜੀਆਂ ਕੋਈ ਜਾਇਦਾਦਾਂ ਜਿਵੇਂ ਢਾਂਚੇ/ਦਰੱਖਤ ਆਦਿ) ਪੇਸ਼ ਕਰਨ ਅਤੇ ਜ਼ਰੂਰੀ ਰਿਕਾਰਡਾਂ ਸਮੇਤ ਅਜਿਹੀਆਂ ਜ਼ਮੀਨਾਂ ਵਿਚ ਸਬੰਧਤ ਹਿਤ ਦੀ ਕਿਸਮ ਦਾ ਵਰਣਨ ਕਰਨ। ਦੱਸੇ ਗਏ ਜ਼ਮੀਨ ਮਾਲਕ ਜਾਂ ਹਿਤਬੱਧ ਵਿਅਕਤੀ ਆਪਣੇ ਬੈਂਕ ਖਾਤਿਆਂ ਦੇ ਵੇਰਵੇ ਵੀ ਪੇਸ਼ ਕਰਨ, ਜਿਨ੍ਹਾਂ ਵਿਚ ਉਹ ਆਪਣੀ ਮੁਆਵਜ਼ਾ ਰਕਮ ਜਮ੍ਹਾ ਕਰਵਾਉਣਾ ਚਾਹੁਣਗੇ। ਦਾਅਵੇ ਹੇਠਾਂ ਦਰਸਾਏ ਫਾਰਮੈਟ ਅਨੁਸਾਰ ਪੇਸ਼ ਕੀਤੇ ਜਾ ਸਕਦੇ ਹਨ—

| ਪਿੰਡ/ਕਸਬੇ ਦਾ ਨਾਂ | ਜ਼ਮੀਨ ਮਾਲਕਾਂ/ ਹਿਤਬੱਧ ਵਿਅਕਤੀਆਂ ਦਾ ਨਾਂ | ਫੀਲਡ ਸਰਵੇ ਨੰ. | ਉਸ ਦੇ ਹਿੱਸੇ ਦੀ ਜ਼ਮੀਨ ਦਾ ਰਕਬਾ | ਨਾਲ ਜੁੜੇ ਕੋਈ ਢਾਂਚੇ/ਦਰੱਖਤ/ ਟਿਊਬਵੈੱਲ | ਬੈਂਕ ਤੇ ਬ੍ਰਾਂਚ ਦਾ ਨਾਂ, ਜਿਸ ਵਿਚ ਉਸ ਦਾ ਖਾਤਾ ਹੈ | ਬੈਂਕ ਖਾਤਾ ਨੰਬਰ ਦੇ ਵੇਰਵੇ, ਬੈਂਕ ਬ੍ਰਾਂਚ ਦਾ ਆਈ. ਐੱਫ. ਐੱਸ. ਸੀ. ਕੋਡ |
|---|---|---|---|---|---|---|
| | | | | | | |

ਲੈਂਡ ਐਕੂਜ਼ੀਸ਼ਨ ਲਈ ਸਮਰੱਥ ਅਥਾਰਟੀ-
ਕਮ-ਜ਼ਿਲਾ ਮਾਲ ਅਫਸਰ, ਬਰਨਾਲਾ

# ਅਮਰੀਕਾ ਵਿਚ ਪੋਸਟ-ਸਟੱਡੀ ਵਰਕ ਪ੍ਰੋਗਰਾਮ 'ਤੇ ਸਖ਼ਤੀ ਤੋਂ ਘਬਰਾਏ ਭਾਰਤੀ ਵਿਦਿਆਰਥੀ, ਓ. ਪੀ. ਟੀ. ਵੀਜ਼ਾ ਪ੍ਰੋਗਰਾਮ 'ਤੇ ਸ਼ਿਕੰਜਾ

ਵਾਸ਼ਿੰਗਟਨ, 16 ਮਈ (ਇੰਟ.)-ਸਾਲਾਂ ਤੋਂ ਲੱਖਾਂ ਭਾਰਤੀ ਵਿਦਿਆਰਥੀਆਂ ਲਈ ਅਮਰੀਕਾ ਸਿਰਫ਼ ਪੜ੍ਹਾਈ ਦਾ ਟਿਕਾਣਾ ਨਹੀਂ ਸਗੋਂ ਸੁਨਹਿਰੀ ਭਵਿੱਖ ਦੀ ਟਿਕਟ ਮੰਨਿਆ ਜਾਂਦਾ ਰਿਹਾ ਹੈ। ਅਮਰੀਕੀ ਯੂਨੀਵਰਸਿਟੀ ਦੀ ਡਿਗਰੀ, ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ ਭਾਵ ਓ.ਪੀ.ਟੀ. ਦੇ ਤਹਿਤ ਨੌਕਰੀ, ਫਿਰ ਐੱਚ-1-ਬੀ ਵੀਜ਼ਾ ਅਤੇ ਆਖਰਕਾਰ ਗ੍ਰੀਨ ਕਾਰਡ ਹਾਸਲ ਕਰਨ ਲਈ ਭਾਰਤੀ ਕਰੋੜਾਂ ਰੁਪਏ ਖਰਚ ਕਰ ਕੇ ਬੱਚਿਆਂ ਨੂੰ ਵਿਦੇਸ਼ ਭੇਜਦੇ ਰਹੇ ਹਨ ਪਰ ਹੁਣ ਇਸ ਪੂਰੇ ਸਿਸਟਮ 'ਤੇ ਸੰਕਟ ਦੇ ਬੱਦਲ ਮੰਡਰਾਅ ਰਹੇ ਹਨ।

ਅਮਰੀਕੀ ਪ੍ਰਸ਼ਾਸਨ ਨੇ ਓ.ਪੀ.ਟੀ. ਪ੍ਰੋਗਰਾਮ ਨੂੰ ਧੋਖਾਦੇਹੀ ਦਾ ਅੱਡਾ ਦੱਸਦਿਆਂ ਇਸ 'ਤੇ ਵੱਡਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਨੇ ਕਰੀਬ 10 ਹਜ਼ਾਰ ਮਾਮਲਿਆਂ ਵਿਚ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿਚ ਫ਼ਰਜ਼ੀ ਨੌਕਰੀਆਂ, ਕਾਗਜ਼ੀ ਕੰਪਨੀਆਂ ਅਤੇ 'ਪੇਅ-ਟੂ-ਸਟੇਅ' ਨੈੱਟਵਰਕ ਸ਼ਾਮਲ ਹਨ।

### ਕੀ ਹੈ ਓ. ਪੀ. ਟੀ. ਅਤੇ ਭਾਰਤੀ ਵਿਦਿਆਰਥੀਆਂ ਲਈ ਕਿਉਂ ਜ਼ਰੂਰੀ?


ਓ.ਪੀ.ਟੀ. ਅਮਰੀਕੀ ਵਿਦਿਆਰਥੀ ਵੀਜ਼ਾ ਐੱਫ-1 'ਤੇ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਡਿਗਰੀ ਪੂਰੀ ਕਰਨ ਤੋਂ ਬਾਅਦ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਆਮ ਵਿਦਿਆਰਥੀਆਂ ਨੂੰ 12 ਮਹੀਨੇ ਅਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐੱਸ.ਟੀ.ਈ.ਐੱਮ.) ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਵਾਧੂ 24 ਮਹੀਨਿਆਂ ਤੱਕ ਕੰਮ ਕਰਨ ਦਾ ਮੌਕਾ ਮਿਲਦਾ ਹੈ।

ਭਾਰਤੀ ਵਿਦਿਆਰਥੀਆਂ ਲਈ ਇਹ ਸਿਰਫ਼ ਨੌਕਰੀ ਦਾ ਮੌਕਾ ਨਹੀਂ, ਸਗੋਂ ਐੱਚ-1-ਬੀ ਵੀਜ਼ਾ ਤੱਕ ਪਹੁੰਚਣ ਦਾ ਸਭ ਤੋਂ ਮਹੱਤਵਪੂਰਨ ਪੁਲ ਮੰਨਿਆ ਜਾਂਦਾ ਹੈ। ਜੇ ਓ.ਪੀ.ਟੀ. ਨਾ ਹੋਵੇ, ਤਾਂ ਜ਼ਿਆਦਾਤਰ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਹੁੰਦੇ ਹੀ ਅਮਰੀਕਾ ਛੱਡਣਾ ਪੈ ਸਕਦਾ ਹੈ।

### ਭਾਰਤੀ ਵਿਦਿਆਰਥੀ ਸਭ ਤੋਂ ਵੱਧ ਪ੍ਰਭਾਵਿਤ

ਅਮਰੀਕਾ ਵਿਚ ਓ.ਪੀ.ਟੀ. ਪ੍ਰੋਗਰਾਮ ਦਾ ਸਭ ਤੋਂ ਵੱਡਾ ਲਾਭ ਭਾਰਤੀ ਵਿਦਿਆਰਥੀਆਂ ਨੂੰ ਮਿਲਦਾ ਰਿਹਾ ਹੈ। ਤਕਨੀਕੀ ਅਤੇ ਇੰਜੀਨੀਅਰਿੰਗ ਖੇਤਰਾਂ ਵਿਚ ਵੱਡੀ ਗਿਣਤੀ 'ਚ ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ। ਮਾਹਰਾਂ ਅਨੁਸਾਰ ਵਰਤਮਾਨ ਵਿਚ ਓ.ਪੀ.ਟੀ. ਦਾ ਲਾਭ ਲੈਣ ਵਾਲਿਆਂ ਵਿਚ ਲੱਗਭਗ ਅੱਧੇ ਭਾਰਤੀ ਵਿਦਿਆਰਥੀ ਹਨ। ਅਜਿਹੇ ਵਿਚ ਅਮਰੀਕੀ ਪ੍ਰਸ਼ਾਸਨ ਦੀ ਸਖ਼ਤੀ ਦਾ ਸਭ ਤੋਂ ਵੱਡਾ ਅਸਰ ਵੀ ਭਾਰਤੀ ਭਾਈਚਾਰੇ 'ਤੇ ਪੈਣ ਦਾ ਖ਼ਦਸ਼ਾ ਹੈ।

### ਭਾਰਤੀ ਆਈ.ਟੀ. ਕੰਪਨੀਆਂ 'ਤੇ ਵੀ ਨਜ਼ਰ




ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕੀ ਏਜੰਸੀਆਂ ਹੁਣ ਉਨ੍ਹਾਂ ਕੰਪਨੀਆਂ ਦੀ ਵਿਸ਼ੇਸ਼ ਜਾਂਚ ਕਰ ਸਕਦੀਆਂ ਹਨ ਜਿੱਥੇ ਵੱਡੀ ਗਿਣਤੀ ਵਿਚ ਓ.ਪੀ.ਟੀ. ਵਿਦਿਆਰਥੀ ਕੰਮ ਕਰ ਰਹੇ ਹਨ। ਵਿਸ਼ੇਸ਼ ਤੌਰ 'ਤੇ ਭਾਰਤੀ ਆਈ.ਟੀ. ਕੰਪਨੀਆਂ, ਸਟਾਫਿੰਗ ਏਜੰਸੀਆਂ ਅਤੇ ਥਰਡ-ਪਾਰਟੀ ਪਲੇਸਮੈਂਟ ਕੰਪਨੀਆਂ ਸਰਕਾਰ ਦੀ ਨਿਗਰਾਨੀ ਹੇਠ ਆ ਸਕਦੀਆਂ ਹਨ। ਪ੍ਰਸ਼ਾਸਨ ਨੂੰ ਖ਼ਦਸ਼ਾ ਹੈ ਕਿ ਕੁਝ ਕੰਪਨੀਆਂ ਸਿਰਫ਼ ਵੀਜ਼ਾ ਬਚਾਉਣ ਲਈ ਵਿਦਿਆਰਥੀਆਂ ਨੂੰ ਕਾਗਜ਼ਾਂ ਵਿਚ ਰੁਜ਼ਗਾਰ ਦੇ ਰਹੀਆਂ ਹਨ।

### ਜਾਂਚ ਵਿਚ ਸਾਹਮਣੇ ਆਈਆਂ ਫ਼ਰਜ਼ੀ ਕੰਪਨੀਆਂ

**ਨਿਊਯਾਰਕ** ਦੀ ਇਮੀਗ੍ਰੇਸ਼ਨ ਵਕੀਲ ਐਸੇਲ ਵਿਲੀਅਮਜ਼ ਅਨੁਸਾਰ ਅਮਰੀਕੀ ਏਜੰਸੀਆਂ ਦੀ ਜਾਂਚ ਵਿਚ ਕਈ ਅਜਿਹੇ ਪਤੇ ਸਾਹਮਣੇ ਆਏ ਹਨ ਜਿੱਥੇ ਕਾਗਜ਼ਾਂ ਵਿਚ ਸੈਂਕੜੇ ਵਿਦਿਆਰਥੀ ਕੰਮ ਕਰਦੇ ਦਿਖਾਏ ਗਏ ਪਰ ਅਸਲੀਅਤ ਵਿਚ ਉੱਥੇ ਖਾਲੀ ਇਮਾਰਤਾਂ ਜਾਂ ਰਿਹਾਇਸ਼ੀ ਮਕਾਨ ਮਿਲੇ। ਉਨ੍ਹਾਂ ਕਿਹਾ ਕਿ ਕਈ ਕੰਪਨੀਆਂ ਸਿਰਫ਼ ਵਿਦਿਆਰਥੀਆਂ ਦਾ ਵੀਜ਼ਾ ਸਟੇਟਸ ਬਰਕਰਾਰ ਰੱਖਣ ਲਈ ਬਣਾਈਆਂ ਗਈਆਂ ਸਨ ਅਤੇ ਉੱਥੇ ਅਸਲ ਵਿਚ ਕੋਈ ਕੰਮ ਨਹੀਂ ਹੋ ਰਿਹਾ ਸੀ।

### ਅਸਲੀ ਵਿਦਿਆਰਥੀਆਂ 'ਤੇ ਵੀ ਵਧੇਗੀ ਨਿਗਰਾਨੀ

**ਇਮੀਗ੍ਰੇਸ਼ਨ** ਮਾਹਰਾਂ ਦਾ ਮੰਨਣਾ ਹੈ ਕਿ ਹੁਣ ਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਵਿਦਿਆਰਥੀਆਂ ਨੂੰ ਵੀ ਵਾਧੂ ਜਾਂਚ ਦਾ ਸਾਹਮਣਾ ਕਰਨਾ ਪਵੇਗਾ। ਵਿਦਿਆਰਥੀਆਂ ਤੋਂ ਨੌਕਰੀ ਦੇ ਆਫਰ ਲੈਟਰ, ਤਨਖਾਹ ਸਲਿੱਪ, ਟ੍ਰੇਨਿੰਗ ਰਿਕਾਰਡ, ਕੰਮ ਵਾਲੀ ਥਾਂ ਦਾ ਸਬੂਤ ਅਤੇ ਰੋਜ਼ਾਨਾ ਦੇ ਕੰਮਾਂ ਦਾ ਵੇਰਵਾ ਮੰਗਿਆ ਜਾ ਸਕਦਾ ਹੈ। ਅਧਿਕਾਰੀਆਂ ਦੀ ਕੋਸ਼ਿਸ਼ ਇਹ ਯਕੀਨੀ ਬਣਾਉਣ ਦੀ ਹੋਵੇਗੀ ਕਿ ਵਿਦਿਆਰਥੀ ਅਸਲ ਵਿਚ ਉਸੇ ਖੇਤਰ ਵਿੱਚ ਕੰਮ ਕਰ ਰਹੇ ਹਨ, ਜਿਸ ਦੀ ਉਨ੍ਹਾਂ ਨੇ ਪੜ੍ਹਾਈ ਕੀਤੀ ਹੈ।

### ਐੱਚ-1-ਬੀ ਕਰਮਚਾਰੀਆਂ ਦੀਆਂ ਵੀ ਵਧੀਆਂ ਮੁਸ਼ਕਲਾਂ

ਅਮਰੀਕਾ ਵਿਚ ਪਹਿਲਾਂ ਤੋਂ ਕੰਮ ਕਰ ਰਹੇ ਐੱਚ-1-ਬੀ ਕਰਮਚਾਰੀਆਂ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ। ਨੌਕਰੀ ਗੁਆਉਣ ਤੋਂ ਬਾਅਦ ਨਵੀਂ ਨੌਕਰੀ ਲੱਭਣ ਲਈ ਮਿਲਣ ਵਾਲੀ 60 ਦਿਨਾਂ ਦੀ ਮਿਆਦ ਹੁਣ ਪਹਿਲਾਂ ਜਿੰਨੀ ਸੁਰੱਖਿਅਤ ਨਹੀਂ ਮੰਨੀ ਜਾ ਰਹੀ। ਇਮੀਗ੍ਰੇਸ਼ਨ ਮਾਹਰ ਰਾਜੀਵ ਖੰਨਾ ਦੇ ਹਵਾਲੇ ਨਾਲ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਹੁਣ ਵਿਜ਼ਿਟਰ ਵੀਜ਼ਾ ਵਿਚ ਬਦਲਾਅ ਮੰਗਣ ਵਾਲੀਆਂ ਅਰਜ਼ੀਆਂ 'ਤੇ ਵੀ ਸਖ਼ਤ ਜਾਂਚ ਕਰ ਰਿਹਾ ਹੈ। ਇਸ ਨਾਲ ਕਈ ਕਰਮਚਾਰੀਆਂ ਲਈ ਅਮਰੀਕਾ ਛੱਡਣਾ ਲੱਗਭਗ "ਵਨ-ਵੇਅ ਡੋਰ" ਵਰਗਾ ਬਣ ਗਿਆ ਹੈ।

### ਕੀ ਖ਼ਤਮ ਹੋ ਸਕਦਾ ਹੈ ਓ.ਪੀ.ਟੀ. ਪ੍ਰੋਗਰਾਮ?

**ਮਾਹਰਾਂ** ਦਾ ਮੰਨਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਪੂਰੀ ਤਰ੍ਹਾਂ ਓ.ਪੀ.ਟੀ. ਖ਼ਤਮ ਨਹੀਂ ਕਰ ਸਕੇਗਾ ਪਰ ਇਸ ਦੇ ਨਿਯਮ ਬੇਹੱਦ ਸਖ਼ਤ ਕੀਤੇ ਜਾ ਸਕਦੇ ਹਨ। ਪ੍ਰਸਤਾਵਿਤ ਬਦਲਾਵਾਂ ਵਿਚ ਵਿਦਿਆਰਥੀਆਂ ਦੀ ਗ੍ਰੇਸ ਪੀਰੀਅਡ ਦੀ ਮਿਆਦ ਘਟਾਉਣਾ, ਵਾਧੂ ਦਸਤਾਵੇਜ਼ ਮੰਗਣਾ ਅਤੇ ਵੀਜ਼ਾ ਸਟੇਟਸ ਖ਼ਤਮ ਹੁੰਦੇ ਹੀ "ਅਨਲਾਫੁਲ ਪ੍ਰੈਜ਼ੈਂਸ" ਲਾਗੂ ਕਰਨਾ ਸ਼ਾਮਲ ਹੈ। ਜੇ ਅਜਿਹਾ ਹੋਇਆ ਤਾਂ ਵਿਦਿਆਰਥੀਆਂ 'ਤੇ ਜਲਦੀ ਨੌਕਰੀ ਲੱਭਣ ਜਾਂ ਅਮਰੀਕਾ ਛੱਡਣ ਦਾ ਦਬਾਅ ਕਾਫ਼ੀ ਵੱਧ ਜਾਵੇਗਾ।

### ਵਿਦਿਆਰਥੀਆਂ ਨੂੰ ਕੀ ਸਲਾਹ ਦੇ ਰਹੇ ਹਨ ਮਾਹਰ?

**ਮਾਹਰਾਂ** ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਹੁਣ ਅਮਰੀਕਾ ਵਿਚ ਪੜ੍ਹਾਈ ਦੇ ਨਿਵੇਸ਼ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਗੰਭੀਰਤਾ ਨਾਲ ਮੁਲਾਂਕਣ ਕਰਨਾ ਚਾਹੀਦਾ ਹੈ। ਇਮੀਗ੍ਰੇਸ਼ਨ ਵਕੀਲ ਵਿਦਿਆਰਥੀਆਂ ਨੂੰ ਓ-1 ਵੀਜ਼ਾ, ਕੈਪ-ਐਗਜ਼ੈਂਪਟ ਐੱਚ-1-ਬੀ, ਈ.ਬੀ.-1-ਏ ਅਤੇ ਨੈਸ਼ਨਲ ਇੰਟਰਸਟ ਵੇਵਰ ਵਰਗੇ ਬਦਲਵੇਂ ਰਸਤਿਆਂ 'ਤੇ ਵਿਚਾਰ ਕਰਨ ਦੀ ਸਲਾਹ ਦੇ ਰਹੇ ਹਨ। ਮਾਹਰਾਂ ਦਾ ਮੰਨਣਾ ਹੈ ਕਿ ਬਦਲਦੇ ਅਮਰੀਕੀ ਮਾਹੌਲ ਵਿਚ ਸਿਰਫ਼ ਡਿਗਰੀ ਹਾਸਲ ਕਰਨਾ ਹੀ ਕਾਫ਼ੀ ਨਹੀਂ ਹੋਵੇਗਾ, ਸਗੋਂ ਵਿਦਿਆਰਥੀਆਂ ਨੂੰ ਕਾਨੂੰਨੀ ਅਤੇ ਕਰੀਅਰ ਦੀ ਰਣਨੀਤੀ ਪਹਿਲਾਂ ਤੋਂ ਹੀ ਤਿਆਰ ਰੱਖਣੀ ਹੋਵੇਗੀ।

# ਥਾਈਲੈਂਡ ਵਿਚ ਮਾਲਗੱਡੀ ਅਤੇ ਬੱਸ ਦੀ ਟੱਕਰ, 8 ਦੀ ਮੌਤ

ਬੈਂਕਾਕ, 16 ਮਈ (ਯੂ.ਐੱਨ.ਆਈ.)- ਥਾਈਲੈਂਡ ਦੇ ਰਤਚਾਥੇਵੀ ਜ਼ਿਲੇ ਵਿਚ ਸ਼ਨੀਵਾਰ ਨੂੰ ਮਾਲਗੱਡੀ ਅਤੇ ਜਨਤਕ ਬੱਸ ਵਿਚਾਲੇ ਹੋਈ ਟੱਕਰ ਵਿਚ ਘੱਟੋ-ਘੱਟ 8 ਲੋਕ ਮਾਰੇ ਗਏ ਅਤੇ 15 ਹੋਰ ਜ਼ਖਮੀ ਹੋ ਗਏ। ਸਥਾਨਕ ਵੈੱਬਸਾਈਟ 'ਦਿ ਸਟਾਰ' ਅਨੁਸਾਰ ਇਹ ਘਟਨਾ ਦੁਪਹਿਰ ਲੱਗਭਗ 15:40 ਵਜੇ ਵਾਪਰੀ। ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ, ਤਾਂ ਉਨ੍ਹਾਂ ਨੇ ਦੇਖਿਆ ਕਿ ਟੱਕਰ ਕਾਰਨ ਬੱਸ ਵਿਚ ਭਿਆਨਕ ਅੱਗ ਲੱਗ ਗਈ ਹੈ ਅਤੇ ਧਮਾਕੇ ਹੋ ਰਹੇ ਹਨ। ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਦੁਪਹਿਰ 3:59 ਵਜੇ ਤੱਕ ਅੱਗ 'ਤੇ ਕਾਬੂ ਪਾਇਆ।

# ਜਲਵਾਯੂ ਤਬਦੀਲੀ ਕਾਰਨ ਦੁਨੀਆ ਭਰ ਦੀਆਂ ਨਦੀਆਂ 'ਚ 'ਆਕਸੀਜਨ ਦੀ ਮਾਤਰਾ' ਵਿਚ ਕਮੀ

ਵਾਸ਼ਿੰਗਟਨ, 16 ਮਈ (ਭਾਸ਼ਾ)- ਗਲੋਬਲ ਤਾਪਮਾਨ ਵਿਚ ਵਾਧੇ ਕਾਰਨ ਨਦੀਆਂ ਵਿਚ ਹੌਲੀ-ਹੌਲੀ ਆਕਸੀਜਨ ਘੱਟ ਹੁੰਦੀ ਜਾ ਰਹੀ ਹੈ, ਜਿਸ ਨਾਲ ਮੱਛੀਆਂ ਅਤੇ ਨਦੀਆਂ ਵਿਚ ਰਹਿਣ ਵਾਲੇ ਦੂਜੇ ਜੀਵਾਂ ਦੀ ਹੋਂਦ 'ਤੇ ਖ਼ਤਰਾ ਮੰਡਰਾਅ ਰਿਹਾ ਹੈ। ਇਕ ਨਵੇਂ ਅਧਿਐਨ ਵਿਚ ਇਹ ਚਿਤਾਵਨੀ ਦਿੱਤੀ ਗਈ ਹੈ। ਚੀਨ ਦੇ ਖੋਜਕਰਤਾਵਾਂ ਨੇ ਸੈਟੇਲਾਈਟਾਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਰਾਹੀਂ ਸਾਲ 1985 ਤੋਂ ਦੁਨੀਆ ਭਰ ਦੀਆਂ 21,000 ਤੋਂ ਵੱਧ ਨਦੀਆਂ ਵਿਚ ਆਕਸੀਜਨ ਦੇ ਪੱਧਰ ਦਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ।

ਸਾਇੰਸ ਐਡਵਾਂਸੇਜ਼ ਮੈਗਜ਼ੀਨ ਵਿਚ ਸ਼ੁੱਕਰਵਾਰ ਨੂੰ ਪ੍ਰਕਾਸ਼ਿਤ ਇਸ ਅਧਿਐਨ ਦੇ ਅਨੁਸਾਰ 1985 ਤੋਂ ਹੁਣ ਤੱਕ ਨਦੀਆਂ ਵਿਚ ਆਕਸੀਜਨ ਦਾ ਪੱਧਰ ਔਸਤਨ 2.1 ਫੀਸਦੀ ਘਟ ਗਿਆ ਹੈ। ਪਹਿਲੀ ਨਜ਼ਰੇ ਇਹ ਗਿਰਾਵਟ ਬਹੁਤ ਵੱਡੀ ਨਹੀਂ ਲੱਗਦੀ ਪਰ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਦਾ ਅਸਰ ਲਗਾਤਾਰ ਵਧਦਾ ਜਾਂਦਾ ਹੈ ਅਤੇ ਜੇ ਇਹੋ ਰਫ਼ਤਾਰ ਰਹੀ ਜਾਂ ਇਸ ਵਿਚ ਹੋਰ ਤੇਜ਼ੀ ਆਈ ਤਾਂ ਇਸ ਸਦੀ ਦੇ ਅੰਤ ਤੱਕ ਪੂਰਬੀ ਅਮਰੀਕਾ, ਭਾਰਤ ਅਤੇ ਗਰਮ ਖੇਤਰਾਂ ਦੀਆਂ ਕਈ ਨਦੀਆਂ ਵਿਚ ਆਕਸੀਜਨ ਦਾ ਪੱਧਰ ਘੱਟ ਹੋ ਸਕਦਾ ਹੈ।


**pnb ਪੰਜਾਬ ਨੈਸ਼ਨਲ ਬੈਂਕ** ...ਬਿਹਤਰੀ ਲਈ ਇਕਜੁੱਟ

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ-ਪਟਿਆਲਾ : ਐੱਸ. ਸੀ. ਓ.-146, ਦੂਜੀ ਮੰਜ਼ਿਲ, ਇਮਪਰੂਵਮੈਂਟ ਟਰੱਸਟ ਕੰਪਲੈਕਸ, ਛੋਟੀ ਬਾਰਾਦਰੀ, ਪਟਿਆਲਾ, ਪਿਨ-147001

ਈ-ਮੇਲ : cs8296@pnb.bank.in

**ਕੋਰੀਜੈਂਡਮ**

'ਇੰਡੀਅਨ ਐਕਸਪ੍ਰੈੱਸ' ਤੇ 'ਜਗ ਬਾਣੀ' ਵਿਚ ਮਿਤੀ 01.05.2026 ਨੂੰ ਪ੍ਰਕਾਸ਼ਿਤ ਅਤੇ ਮਿਤੀ 26.05.2026 ਨੂੰ ਨਿਲਾਮੀ ਲਈ ਨਿਰਧਾਰਤ ਈ-ਨਿਲਾਮੀ ਨੋਟਿਸਾਂ ਦੇ ਸੰਦਰਭ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਅਕਾਊਂਟ—ਮੈਸਰਜ਼ ਜਿੰਦਲ ਟਰੇਡਿੰਗ ਕੰਪਨੀ ਲਈ ਕਿਰਪਾ ਕਰ ਕੇ ਪ੍ਰਾਪਰਟੀ-1 ਦੀ ਆਈ. ਡੀ. ਨੂੰ "PUNBJINDAL003" ਦੀ ਬਜਾਏ "PUNBJINDAL002" ਅਤੇ ਪ੍ਰਾਪਰਟੀ-3 ਦੀ ਆਈ. ਡੀ. ਨੂੰ "PUNBJINDAL004" ਦੀ ਬਜਾਏ "PUNBJINDAL005" ਪੜ੍ਹਿਆ ਜਾਵੇ। ਬਾਕੀ ਸਭ ਕੁਝ ਪਹਿਲਾਂ ਵਾਲਾ ਹੀ ਰਹੇਗਾ। ਸਾਰੇ ਸਬੰਧਤਾਂ ਨੂੰ ਬੇਨਤੀ ਹੈ ਕਿ ਕਿਰਪਾ ਕਰ ਕੇ ਉਪਰੋਕਤ ਸੁਧਾਰ ਨੋਟ ਕਰ ਲੈਣ।

ਮਿਤੀ : 16.05.2026 | ਸਥਾਨ : ਪਟਿਆਲਾ | ਅਧਿਕਾਰਤ ਅਫਸਰ, ਪੰਜਾਬ ਨੈਸ਼ਨਲ ਬੈਂਕ


# ਰੱਖਿਆ ਬਜਟ 'ਚ 100 ਅਰਬ ਦਾ ਵਾਧਾ ਕਰੇਗਾ ਪਾਕਿ

ਇਸਲਾਮਾਬਾਦ, 16 ਮਈ (ਇੰਟ.)- ਪਾਕਿਸਤਾਨ ਸਰਕਾਰ ਅਗਲੇ ਵਿੱਤੀ ਵਰ੍ਹੇ 'ਚ ਰੱਖਿਆ ਬਜਟ ਵਿਚ ਲੱਗਭਗ 100 ਅਰਬ ਪਾਕਿਸਤਾਨੀ ਰੁਪਏ ਦਾ ਵਾਧਾ ਕਰ ਸਕਦੀ ਹੈ।

ਸਰਕਾਰ ਕੌਮਾਂਤਰੀ ਮੁਦਰਾ ਫੰਡ (ਆਈ. ਐੱਮ. ਐੱਫ.) ਦੀ ਹਮਾਇਤ ਵਾਲੇ ਸੁਧਾਰ ਪ੍ਰੋਗਰਾਮ ਤਹਿਤ ਆਪਣਾ ਬਜਟ ਤਿਆਰ ਕਰ ਰਹੀ ਹੈ, ਜਿਸ ਵਿਚ ਮਾਲੀਏ 'ਚ ਭਾਰੀ ਵਾਧੇ ਦਾ ਅਨੁਮਾਨ ਲਾਇਆ ਗਿਆ ਹੈ। ਇਕ ਮੀਡੀਆ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਪਿਛਲੇ ਸਾਲ ਭਾਰਤ ਖ਼ਿਲਾਫ਼ ਵੱਡੀ ਜੰਗ ਹਾਰੀ ਹੈ। 'ਆਪ੍ਰੇਸ਼ਨ ਸਿੰਧੂਰ' ਦੌਰਾਨ ਭਾਰਤ ਨੇ ਪਾਕਿਸਤਾਨੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਉਂਦੇ ਹੋਏ ਕਈ ਟਿਕਾਣਿਆਂ 'ਤੇ ਮਿਜ਼ਾਈਲਾਂ ਨਾਲ ਹਮਲੇ ਕੀਤੇ ਸਨ। ਇਸ ਟਕਰਾਅ ਦੌਰਾਨ ਪਾਕਿਸਤਾਨ ਭਾਰਤ ਹੱਥੋਂ ਬੁਰੀ ਤਰ੍ਹਾਂ ਹਾਰਿਆ ਸੀ।

ਅਖ਼ਬਾਰ 'ਡਾਨ' ਨੇ ਕੌਮਾਂਤਰੀ ਮੁਦਰਾ ਫੰਡ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ 2026-27 ਲਈ ਰੱਖਿਆ ਖਰਚਾ 2.66 ਲੱਖ ਕਰੋੜ ਪਾਕਿਸਤਾਨੀ ਰੁਪਏ ਰਹਿਣ ਦਾ ਅਨੁਮਾਨ ਹੈ, ਜੋ ਚਾਲੂ ਵਿੱਤੀ ਵਰ੍ਹੇ ਵਿਚ 2.56 ਲੱਖ ਕਰੋੜ ਰੁਪਏ ਹੈ। ਰਿਪੋਰਟ ਅਨੁਸਾਰ ਆਈ. ਐੱਮ. ਐੱਫ. ਨੇ 2026-27 ਵਿਚ ਪਾਕਿਸਤਾਨ ਦੀ ਕੁੱਲ ਸੰਘੀ ਆਮਦਨ 17.14 ਲੱਖ ਕਰੋੜ ਪਾਕਿਸਤਾਨੀ ਰੁਪਏ ਰਹਿਣ ਦਾ ਅਨੁਮਾਨ ਲਾਇਆ ਹੈ। ਇਹ ਮੌਜੂਦਾ ਵਿੱਤੀ ਵਰ੍ਹੇ ਦੀ ਤੁਲਨਾ ਵਿਚ 2 ਲੱਖ ਕਰੋੜ ਰੁਪਏ ਤੋਂ ਵੱਧ ਅਤੇ ਲੱਗਭਗ 13.5 ਫੀਸਦੀ ਜ਼ਿਆਦਾ ਹੈ।

# ਜਾਨੋਂ ਮਾਰਨ ਦੀ ਧਮਕੀ ਦੇ ਕੇ ਲੱਖਾਂ ਦੀ ਫਿਰੌਤੀ ਮੰਗਣ ਵਾਲੇ 4 ਗ੍ਰਿਫ਼ਤਾਰ

ਅੰਮ੍ਰਿਤਸਰ, 16 ਮਈ (ਸੰਜੀਵ)- ਗੈਂਗਸਟਰ ਜੀਵਨ ਫ਼ੌਜੀ ਦੇ ਨਾਂ 'ਤੇ ਧਮਕੀ ਦੇ ਕੇ ਲੱਖਾਂ ਰੁਪਏ ਦੀ ਫਿਰੌਤੀ ਮੰਗਣ ਵਾਲੇ ਕੁਲਵਿੰਦਰ ਸਿੰਘ ਭੁੱਲਰ, ਆਕਾਸ਼ਦੀਪ ਸਿੰਘ, ਜਗਤਾਰ ਸਿੰਘ ਅਤੇ ਆਕਾਸ਼ਦੀਪ ਸਿੰਘ ਬਾਬਾ ਨੂੰ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ।

ਇਹ ਖ਼ੁਲਾਸਾ ਐੱਸ. ਐੱਸ. ਪੀ. ਦਿਹਾਤੀ ਸੁਹੇਲ ਮੀਰ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ 5 ਮਈ ਨੂੰ ਜਸਬੀਰ ਸਿੰਘ ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਨੂੰ ਵਿਦੇਸ਼ੀ ਨੰਬਰ ਤੋਂ ਗੈਂਗਸਟਰ ਜੀਵਨ ਫ਼ੌਜੀ ਵੱਲੋਂ ਧਮਕੀ ਦੇ ਕੇ 30 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਇਸ ਸਬੰਧੀ 6 ਮਈ ਨੂੰ ਥਾਣਾ ਰਮਦਾਸ ਵਿਖੇ ਕੇਸ ਦਰਜ ਕੀਤਾ ਗਿਆ ਸੀ।

ਮਾਮਲਾ ਦਰਜ ਹੋਣ ਤੋਂ ਬਾਅਦ ਵਿਸ਼ੇਸ਼ ਟੀਮ ਨੇ ਆਪਣੀ ਤਫ਼ਤੀਸ਼ ਸ਼ੁਰੂ ਕੀਤੀ ਅਤੇ ਚਾਰਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਮੰਨਿਆ ਕਿ ਉਨ੍ਹਾਂ ਵੱਲੋਂ ਸਰਪੰਚ ਨਿਸ਼ਾਨ ਸਿੰਘ ਨੂੰ ਵੀ ਧਮਕੀ ਦੇ ਕੇ 50 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ ਅਤੇ ਉਸ ਦੇ ਘਰ 'ਤੇ ਪੈਟਰੋਲ ਬੰਬ ਵੀ ਸੁੱਟੇ ਗਏ ਸਨ। ਪੁਲਸ ਨੇ ਦੋਵਾਂ ਮਾਮਲਿਆਂ ਨੂੰ ਸੁਲਝਾ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਅਜਨਾਲਾ ਕਾਂਡ : ਅੰਮ੍ਰਿਤਪਾਲ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ; ਅਗਲੀ ਸੁਣਵਾਈ 20 ਮਈ ਨੂੰ

ਅੰਮ੍ਰਿਤਸਰ, 16 ਮਈ (ਜਸ਼ਨ)- 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ (ਜੋ ਕਿ ਇਸ ਵੇਲੇ ਡਿਬਰੂਗੜ੍ਹ ਜੇਲ ਵਿਚ ਬੰਦ ਹਨ) ਦੀ ਅੱਜ ਵਧੀਕ ਸੈਸ਼ਨ ਜੱਜ ਪਰਮਿੰਦਰ ਸਿੰਘ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਹੋਈ। ਇਸ ਮਾਮਲੇ ਵਿਚ ਪਹਿਲਾਂ ਅੰਮ੍ਰਿਤਪਾਲ ਸਿੰਘ ਦੀ ਪੇਸ਼ੀ ਵੀਰਵਾਰ ਨੂੰ ਹੋਈ ਸੀ। ਇਸ ਦੌਰਾਨ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸੁਣਵਾਈ ਤੋਂ ਬਾਅਦ ਮਾਣਯੋਗ ਜੱਜ ਨੇ ਅਗਲੀ ਪੇਸ਼ੀ 20 ਮਈ ਨੂੰ ਮੁਕੱਰਰ ਕੀਤੀ ਹੈ।



ਦੱਸਣਯੋਗ ਹੈ ਕਿ ਇਹ ਪੇਸ਼ੀ ਅਜਨਾਲਾ ਥਾਣੇ 'ਤੇ ਹੋਏ ਬਹੁ-ਚਰਚਿਤ ਹਮਲੇ ਅਤੇ ਪ੍ਰਦਰਸ਼ਨ ਮਾਮਲੇ ਵਿਚ ਹੋਈ ਹੈ।

ਸ਼ਨੀਵਾਰ ਨੂੰ ਹੋਈ ਪੇਸ਼ੀ ਦੌਰਾਨ ਉਕਤ ਮਾਮਲੇ ਵਿਚ ਅਹਿਮ ਸਰਕਾਰੀ ਗਵਾਹ ਮਨਪ੍ਰੀਤ ਸਿੰਘ ਦੀ ਗਵਾਹੀ ਦਰਜ ਕੀਤੀ ਗਈ। ਸਰਕਾਰੀ ਪੱਖ ਵੱਲੋਂ ਦੱਸਿਆ ਗਿਆ ਕਿ ਉਹ ਘਟਨਾ ਦੇ ਸਮੇਂ ਮੌਕੇ 'ਤੇ ਮੌਜੂਦ ਸੀ।